**ਨਮੂਨੇ ਦਾ ਪ੍ਰਸ਼ਨ-ਪੱਤਰ**

**ਪੰਜਾਬੀ (ਪਹਿਲੀ ਭਾਸ਼ਾ)**

**ਜਮਾਤ : ਅੱਠਵੀਂ** **ਲਿਖਤੀ ਪਰੀਖਿਆ : 80 ਅੰਕ**

**ਸਮਾਂ : 3 ਘੰਟੇ** **ਆਂਤਰਿਕ : 20 ਅੰਕ**

**ਕੁੱਲ : 100 ਅੰਕ**

ਪ੍ਰਸ਼ਨ 1. ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਸਹੀ ਉੱਤਰ ਲਿਖੋ : 05

ਬਲਜੀਤ ਬੜੀ ਸਿਆਣੀ ਕੁੜੀ ਸੀ। ਉਹ ਦਸਵੀਂ ਸ਼੍ਰੇਣੀ ਵਿੱਚ ਪੜ੍ਹਦੀ ਸੀ। ਉਸ ਦਾ ਭਰਾ ਏਕਮ ਬਾਰ੍ਹਵੀਂ 'ਚ ਪੜ੍ਹਦਾ ਸੀ। ਬਲਜੀਤ ਨੂੰ ਤਰਾਕੀ ਦਾ ਸ਼ੌਕ ਸੀ ਤੇ ਏਕਮ ਨੂੰ ਫੁਟਬਾਲ ਖੇਡਣ ਦਾ। ਉਹਨਾਂ ਦਾ ਘਰ ਖੇਡ-ਸਟੇਡੀਅਮ ਪਟਿਆਲਾ ਦੇ ਨੇੜੇ ਹੀ ਸੀ। ਪਟਿਆਲੇ ਹਰ ਸਾਲ ਸਕੂਲਾਂ ਦੇ ਵਿਦਿਆਰਥੀਆਂ ਦੇ ਤਰਾਕੀ ਦੇ ਮੁਕਾਬਲੇ ਹੁੰਦੇ ਸਨ। ਇਹਨਾਂ ਮੁਕਾਬਲਿਆਂ ਵਿੱਚ ਬਲਜੀਤ ਕਦੇ ਪਹਿਲੇ ਨੰਬਰ 'ਤੇ ਆਉਂਦੀ ਤੇ ਕਦੇ ਦੂਜੇ ਨੰਬਰ ’ਤੇ। ਉਸ ਦਾ ਪੜ੍ਹਨ ਵਾਲਾ ਕਮਰਾ ਮੈਡਲਾਂ ਅਤੇ ਸ਼ੀਲਤਾਂ ਨਾਲ ਭਰਿਆ ਪਿਆ ਸੀ। ਏਕਮ ਦਾ ਵੀ ਜੀਅ ਕਰਦਾ ਕਿ ਉਹ ਵੀ ਖੇਡਾਂ ਵਿੱਚ ਇਨਾਮ ਪ੍ਰਾਪਤ ਕਰੇ। ਸਕੂਲਾਂ ਵਿੱਚ ਗਰਮੀਆਂ ਦੀਆਂ ਛੁੱਟੀਆਂ ਹੋ ਗਈਆਂ ਸਨ। ਫ਼ੈਸਲਾ ਕੀਤਾ ਗਿਆ ਕਿ ਇਸ ਵਾਰ ਵਿਦਿਆਰਥੀਆਂ ਦਾ ਟੂਰ ਚੰਡੀਗੜ੍ਹ ਲਿਜਾਇਆ ਜਾਵੇ। ਅਧਿਆਪਕਾਂ ਵਿੱਚੋਂ ਇਸ ਟੂਰ ਨਾਲ ਵੀਨਾ ਭੈਣ ਜੀ ਅਤੇ ਸ੍ਰੀ ਮਦਨ ਲਾਲ ਜੀ ਨੇ ਜਾਣਾ ਸੀ। ਸਭ ਤੋਂ ਪਹਿਲਾਂ ‘ਛੱਤਬੀੜ ਚਿੜੀਆ-ਘਰ' ਦੇਖਣ ਦਾ ਪ੍ਰੋਗ੍ਰਾਮ ਬਣਾਇਆ ਗਿਆ ਸੀ। ਚਿੜੀਆ-ਘਰ ਕਾਫ਼ੀ ਵੱਡਾ ਸੀ। ਉਸ ਨੂੰ ਵੇਖਦਿਆਂ-ਵੇਖਦਿਆਂ ਦੋ-ਢਾਈ ਘੰਟੇ ਲੱਗ ਗਏ। ਕਈ ਜਾਨਵਰ ਤੇ ਪੰਛੀ ਵਿਦਿਆਰਥੀਆਂ ਨੇ ਪਹਿਲੀ ਵਾਰ ਵੇਖੇ ਸਨ। (ਚੰਡੀਗੜ੍ਹ ਉਹ ਰਾਕ-ਗਾਰਡਨ, ਰੋਜ਼-ਗਾਰਡਨ, ਪੰਜਾਬ ਯੂਨੀਵਰਸਿਟੀ, ਅਜਾਇਬ-ਘਰ ਅਤੇ ਕਈ ਹੋਰ ਮਹੱਤਵਪੂਰਨ ਥਾਂਵਾਂ ਵੇਖਦੇ ਰਹੇ। ਅਧਿਆਪਕਾਂ ਨੇ ਉਹਨਾਂ ਨੂੰ ਦੱਸਿਆ ਕਿ ਚੰਡੀਗੜ੍ਹ ਦਾ ਨਕਸ਼ਾ ਪ੍ਰਸਿੱਧ ਫ੍ਰਾਂਸੀਸੀ ਆਰਕੀਟੈਕਟ ਲੀ ਕਾਰਬੂਜ਼ੀਅਰ ਨੇ ਬਣਾਇਆ ਸੀ।)

1. ਬਲਜੀਤ ਕਿਹੜੀ ਕਲਾਸ ਵਿੱਚ ਪੜ੍ਹਦੀ ਸੀ?

ੳ. ਦਸਵੀਂ ਅ. ਬਾਰ੍ਹਵੀਂ

ੲ. ਨੌਵੀਂ ਸ. ਅੱਠਵੀਂ।

2. ਬਲਜੀਤ ਨੂੰ ਕਿਹੜੀ ਖੇਡ ਦਾ ਸ਼ੌਕ ਸੀ?

ੳ. ਫੁਟਬਾਲ ਅ. ਤਰਾਕੀ

ੲ. ਹਾਕੀ ਸ. ਵਾਲੀਬਾਲ।

3. ਬਲਜੀਤ ਦਾ ਪੜ੍ਹਨ ਵਾਲ਼ਾ ਕਮਰਾ ਕਿਸ ਨਾਲ਼ ਭਰਿਆ ਪਿਆ ਸੀ?

ੳ. ਉਹ ਕੱਪੜਿਆਂ ਨਾਲ ਅ. ਖਿਡੌਣਿਆਂ ਨਾਲ

ੲ. ਮੈਡਲਾਂ ਅਤੇ ਸ਼ੀਲਡਾਂ ਨਾਲ਼ ਸ. ਕਿਤਾਬਾਂ ਨਾਲ਼।

4. ਵਿਦਿਆਰਥੀਆਂ ਨੂੰ ਟੂਰ 'ਤੇ ਕਿੱਥੇ ਲਿਜਾਇਆ ਗਿਆ?

ੳ. ਪਟਿਆਲਾ ਅ. ਚੰਡੀਗੜ੍ਹ

ੲ. ਫ਼੍ਰਾਂਸ ਸ. ਜਲੰਧਰ।

5. ਸਭ ਤੋਂ ਪਹਿਲਾਂ ਕੀ ਦੇਖਣ ਦਾ ਪ੍ਰੋਗ੍ਰਾਮ ਬਣਾਇਆ ਗਿਆ?

ੳ. ਰੋਜ਼-ਗਾਰਡਨ ਅ. ਸੁਖਨਾ ਝੀਲ

ੲ. ਛੱਤਬੀੜ ਚਿੜੀਆ-ਘਰ ਸ. ਰਾਕ-ਗਾਰਡਨ

ਪ੍ਰਸ਼ਨ 2. ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਸਹੀ ਉੱਤਰ ਲਿਖੋ : 05

ਕਈ ਦਿਨਾਂ ਬਾਅਦ ਮੇਰੇ ਜਮਾਤੀ ਦੋਸਤ ਪਾਲੇ ਨੇ ਦੱਸਿਆ, "ਤੇਰਾ ਗੁੱਗੂ ਤੇਰੇ ਬਾਪੂ ਨੇ ਆਪਣੇ ਹੀ ਪਿੰਡ ਦੇ ਦਲੀਪੇ ਨੂੰ ਵੇਚਦਿਆਂ ਮੈਂ ਆਪਣੀ ਅੱਖੀਂ ਵੇਖਿਆ ਸੀ। ਦਲੀਪਾ ਗੰਗੂ ਨੂੰ ਕਿੱਕਰ ਨਾਲ਼ ਨੂੜ ਕੇ ਨੱਥ ਮਾਰ ਰਿਹਾ ਸੀ। ਦਲੀਪੇ ਨੇ ਪਹਿਲਾਂ ਤਿੱਖਾ ਸੂਆ ਗੰਗੂ ਦੇ ਨੱਕ 'ਚੋਂ ਲੰਘਾਇਆ। ਫਿਰ ਮੋਰੀ ਵਿੱਚ ਦੀ ਰੱਸੀ ਦੀ ਨੱਥ ਪਾ ਦਿੱਤੀ। ਪਾਲੇ ਨੇ ਦੱਸਿਆ, "ਜਦੋਂ ਦਲੀਪੇ ਨੇ ਗੰਗੂ ਦੇ ਨੱਕ 'ਚ ਮੋਰੀ ਕੀਤੀ, ਤਾਂ ਗੰਗੂ ਬਹੁਤ ਤੜਫਿਆ, ਬਹੁਤ ਅੜਿੰਗਿਆ, ਜਿਵੇਂ ਤੈਨੂੰ 'ਵਾਜਾਂ ਮਾਰ ਰਿਹਾ ਹੋਵੇ।" ਪਾਲੇ ਦੀ ਗੱਲ ਸੁਣਦਿਆਂ ਸਾਰ ਮੈਂ ਨੰਗੇ ਪੈਰੀਂ ਦਲੀਪੇ ਦੇ ਘਰ ਵੱਲ ਸ਼ੂਟ ਵੱਟ ਲਈ। ਮਾਂ ਨੇ ਮੈਨੂੰ ਪਿੱਛੋਂ ਫੜਨ ਦੀ ਕੋਸ਼ਸ਼ ਕੀਤੀ ਪਰ ਮੈਂ ਚਿੜੀ-ਪੂੰਝਾ ਛੁਡਾ ਕੇ ਭੱਜ ਗਿਆ। ਮੈਂ ਦਲੀਪੇ ਦੇ ਪਸ਼ੂਆਂ ਵਾਲ਼ੇ ਵਾੜੇ ਵਿੱਚ ਪਹੁੰਚ ਗਿਆ। ਗੰਗੂ ਇੱਕ ਨੁੱਕਰ 'ਚ ਗੋਹੇ ਨਾਲ਼ ਲਿੰਬੜਿਆ-ਤਿਬੜਿਆ ਉਦਾਸ ਖੜ੍ਹਾ ਸੀ। ਮੈਂ ਭੱਜ ਕੇ ਗੰਗੂ ਦੇ ਗਲ਼ ਨੂੰ ਚੰਬੜ ਗਿਆ। ਗੱਗੂ ਦਾ ਨੱਕ ਦੀ ਪੀੜ ਨੇ ਬੁਰਾ ਹਾਲ ਕਰ ਦਿੱਤਾ ਸੀ। ਗੱਗੂ ਨੇ ਮੈਨੂੰ ਦੇਖ ਦੇ ਅੜਿੰਗਣ ਦੀ ਕੋਸ਼ਸ਼ ਕੀਤੀ ਪਰ ਪੀੜ ਨਾਲ਼ ਉਸ ਦੀ ਅਵਾਜ ਸੰਘ ਵਿੱਚ ਹੀ ਅਟਕ ਕੇ ਰਹਿ ਗਈ। ਉਸ ਨੇ ਸਿਰਫ਼ ਮੁਰਦਾ ਅਵਾਜ਼ ਵਿੱਚ ਹੀ ਮੇਰੀ ਹਾਕ ਦਾ ਹੁੰਗਾਰਾ ਭਰਿਆ। ਗੰਗੂ ਦੇਖਣ ਨੂੰ ਵੀ ਬਹੁਤ ਮਾੜਚੂ ਜਿਹਾ ਲੱਗ ਰਿਹਾ ਸੀ।

1. ਪਾਲੇ ਨੇ ਲੇਖਕ ਨੂੰ ਕੀ ਦੱਸਿਆ?

ੳ. ਗੱਗੂ ਦੇ ਵੇਚਣ ਬਾਰੇ ਅ. ਜਮਾਤੀ ਦੋਸਤ ਬਾਰੇ

ੲ. ਨੰਗੇ ਪੈਰਾਂ ਬਾਰੇ ਸ. ਪਸ਼ੂਆਂ ਬਾਰੇ।

2. ਗੱਗੂ ਨੂੰ ਕਿੱਕਰ ਨਾਲ਼ ਨੂੜ ਕੇ ਨੱਥ ਕਿਸ ਨੇ ਪਾਈ?

ੳ. ਜਮਾਤੀ ਦੋਸਤ ਨੇ ਅ ਲੇਖਕ ਨੇ

ੲ. ਦਲੀਪੇ ਨੇ ਸ. ਉਪਰੋਕਤ ਵਿੱਚੋਂ ਕੋਈ ਨਹੀਂ।

3. ਨੱਥ ਨਾਲ਼ ਗੱਗੂ ਦਾ ਕੀ ਹਾਲ ਹੋਇਆ?

ੳ. ਬਹੁਤ ਤੜਫਿਆ ਅ. ਬਹੁਤ ਅੜਿੰਗਿਆ

ਏ. ਬਹੁਤ ਪੀੜ ਹੋਈ ਸ. ਉਪਰੋਕਤ ਸਾਰੇ।

4. ਪਾਲੇ ਦੀ ਗੱਲ ਸੁਣਦਿਆਂ ਸਾਰ ਲੇਖਕ ਨੇ ਕੀ ਕੀਤਾ?

ੳ, 'ਵਾਜਾਂ ਮਾਰੀਆਂ ਅ. ਨੱਕ ਵਿੱਚ ਮੋਰੀ ਕੀਤੀ

ੲ. ਦਲੀਪੇ ਦੇ ਘਰ ਵੱਲ ਦੌੜਿਆ ਸ. ਉਦਾਸ ਖੜ੍ਹਾ ਹੋ ਗਿਆ।

5. ਹੁਣ ਗੱਗੂ ਦੇਖਣ ਨੂੰ ਕਿਸ ਤਰ੍ਹਾਂ ਲੱਗ ਰਿਹਾ ਸੀ?

ੳ. ਮੁਰਦਾ ਜਿਹਾ ਅ. ਮਾੜਚੂ ਜਿਹਾ

ੲ. ਦੋਸਤ ਜਿਹਾ ਸ. ਉਪਰੋਕਤ ਵਿੱਚੋਂ ਕੋਈ ਨਹੀਂ।

6. ਲੇਖਕ ਨੂੰ ਦੇਖ ਕੇ ਗੱਗੂ ਨੇ ਕੀ ਕਰਨ ਦੀ ਕੋਸ਼ਸ਼ ਕੀਤੀ?

ੳ. ਭੱਜਣ ਦੀ ਅ. ਰੋਣ ਦੀ

ੲ, ਅੜਿੰਗਣ ਦੀ ਸ. ਉਪਰੋਕਤ ਵਿੱਚੋਂ ਕੋਈ ਨਹੀਂ। 05

ਪ੍ਰਸ਼ਨ 3. ਹੇਠ ਲਿਖੇ ਬਹੁਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਲਿਖੋ:

1. ਹੇਠ ਲਿਖਿਆਂ ਵਿੱਚੋਂ ਨਾਂਵ ਸ਼ਬਦ ਕਿਹੜਾ ਹੈ ?

ੳ. ਸਾਡੀਆਂ ੲ. ਆ ਸਕਦੇ

ੲ. ਕਿੰਨਾ ਸ. ਸੁਖਮਨੀ ਸਾਹਿਬ।

2. ਜੋੜਨੀ ਵਿਸਰਾਮ-ਚਿੰਨ੍ਹ ਕਿਹੜਾ ਹੈ?

ੳ. (-) ਅ. (,)

ੲ. (!) ਸ. (?)

3. ਕਿਸੇ ਸ਼ਬਦ ਦੇ ਵਿਰੋਧੀ ਅਰਥਾਂ ਨੂੰ ਪ੍ਰਗਟ ਕਰਨ ਵਾਲੇ ਸ਼ਬਦ ਹੁੰਦੇ ਹਨ :

ੳ. ਵਿਰੋਧਾਰਥਕ ਸ਼ਬਦ ਅ. ਸਮਾਨਾਰਥਕ ਸ਼ਬਦ

ੲ. ਬਹੁਅਰਥਕ ਸ਼ਬਦ ਸ. ਉਪਰੋਕਤ ਵਿੱਚੋਂ ਕੋਈ ਨਹੀਂ।

4. 'ਨੱਕ ਰਗੜਨਾ' ਮੁਹਾਵਰੇ ਦਾ ਸਹੀ ਅਰਥ ਚੁਣੋ :

ੳ. ਤਰਲੇ ਮਾਰਨੇ ਅ. ਨੱਕ ਸਾਫ਼ ਕਰਨਾ

ੲ ੳ ਅਤੇ ਅ ਦੋਵੇਂ ਸਹੀ ਸ. ਉਪਰੋਕਤ ਵਿੱਚੋਂ ਕੋਈ ਨਹੀਂ।

5. 'ਅਸੀਂ ਕੱਲ੍ਹ ਮੇਲੇ ਗਏ।' ਵਾਕ ਵਿੱਚ ਕਿਰਿਆ ਸ਼ਬਦ ਚੁਣੋ :

ੳ. ਕੱਲ੍ਹ ਅ. ਅਸੀਂ

ੲ. ਗਏ ਸ. ਮੇਲੇ। 05

ਪ੍ਰਸ਼ਨ 4. ਹੇਠ ਲਿਖੇ ਵਸਤੂਨਿਸ਼ਠ ਪ੍ਰਸ਼ਨਾਂ ਦੇ ਸਹੀ ਉੱਤਰ ਲਿਖੋ :

1. ਨਾਂਵ ਕਿੰਨੇ ਪ੍ਰਕਾਰ ਦੇ ਹੁੰਦੇ ਹਨ?
2. ਕਿਰਿਆ ਦੀਆਂ ਕਿੰਨੀਆਂ ਕਿਸਮਾਂ ਹੁੰਦੀਆਂ ਹਨ?
3. ਵਿਸ਼ੇਸ਼ਣ ਕਿੰਨੇ ਪ੍ਰਕਾਰ ਦੇ ਹੁੰਦੇ ਹਨ?
4. ਸੰਬੰਧਕ ਕਿੰਨੇ ਪ੍ਰਕਾਰ ਦੇ ਹੁੰਦੇ ਹਨ?
5. ਪੰਜਾਬੀ ਲਿਪੀ ਵਿੱਚ ਵਿਅੰਜਨ ਕਿੰਨੇ ਹਨ? 05

ਪ੍ਰਸ਼ਨ 5. ਹੇਠਾਂ ਲਿਖੇ ਵਾਕ ਪੜ੍ਹ ਕੇ ਖ਼ਾਲੀ ਥਾਂਵਾਂ ਭਰੋ :

1. ਜਿਸ ਸ਼ਬਦ ਦਾ ਅਰਥ ਇੱਕ ਤੋਂ ਵਧੇਰੇ ਸ਼ਬਦਾਂ ਵਿੱਚ ਸਪਸ਼ਟ ਹੋਵੇ, ਉਸ ਨੂੰ .......................ਕਹਿੰਦੇ ਹਨ।

ੳ, ਸਮਾਨਾਰਥਕ ਸ਼ਬਦ ਅ. ਬਹੁਅਰਥਕ ਸ਼ਬਦ

ੲ. ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਸ. ਵਿਰੋਧਾਰਥਕ ਸ਼ਬਦ

2. ਸਵੇਰੇ' ਦਾ ਵਿਰੋਧੀ ਸ਼ਬਦ...................ਹੈ।

ੳ. ਸ਼ਾਮ ਅ, ਰੋਜ਼

ੲ. ਤੜਕੇ ਸ. ਉਪਰੋਕਤ ਵਿੱਚੋਂ ਕੋਈ ਨਹੀਂ।

3. 'ਲੜਾਈ' ਦਾ ਸਮਾਨਾਰਥਕ ਸ਼ਬਦ.....................ਹੈ?

ੳ. ਚਾਂਦਮਾਰੀ ਅ. ਗੋਲ਼ਾਬਾਰੀ

ੲ. ਜੰਗ ਸ. ਅਭਿਆਸ

1. 'ਉਹ ਥਾਂ ਜੋ ਸਭ ਦੀ ਸਾਂਝੀ ਹੋਵੇ' ਦੀ ਥਾਂ ਸਹੀ ਇੱਕ ਸ਼ਬਦ ਹੋਵੇਗਾ:

ੳ. ਅਖਾੜਾ ਅ. ਸ਼ਾਮਲਾਟ

ੲ. ਤਬੇਲਾ ਸ. ਟਕਸਾਲ।

2. ਪੈਰਾਂ ਹੇਠੋਂ ਜ਼ਮੀਨ ਖਿਸਕਣਾ' ਮੁਹਾਵਰੇ ਦਾ ਸਹੀ ਅਰਥ ਚੁਣੋ :

ੳ. ਭੂਚਾਲ ਆਉਣਾ — ਅ. ਬੜਾ ਘਬਰਾ ਜਾਣਾ

ੲ. ਡਿੱਗ ਜਾਣਾ — ਸ. ਉਪਰੋਕਤ ਵਿੱਚੋਂ ਕੋਈ ਨਹੀਂ। 05

ਪ੍ਰਸ਼ਨ 6 ਸਹੀ ਮਿਲਾਣ ਕਰੋ :

| | |
|---|---|
| 1. ਸਦੀ | ਚੀਜ਼ ਆਪਣੇ ਕੋਲ ਹੋਣੀ ਤੇ ਲੱਭਣੀ ਕਿਤੋਂ ਹੋਰ |
| 2. ਲੋਹੜਾ | ਯਾਦ |
| 3. ਕੁਛੜ ਕੁੜੀ ਸ਼ਹਿਰ ਢੰਡੋਰਾ | ਸੌ ਸਾਲ |
| 4. ਖੇੜਾ | ਕਹਿਰ |
| 5. ਸਿਮਰਤੀ | ਖੁਸ਼ੀ |

ਭਾਗ- ਅ

ਪ੍ਰਸ਼ਨ 7. ਹੇਠ ਲਿਖੀਆਂ ਸਤਰਾਂ ਵਿੱਚੋਂ ਕਿਸੇ ਇੱਕ ਦੇ ਭਾਵ-ਅਰਥ ਲਿਖੋ : 04

ਲਾਟੂ ਵਾਂਗੂੰ ਧੁਰੀ ਦੁਆਲੇ, ਰਹਾਂ ਘੁੰਮਦੀ ਆਪਣੀ ਚਾਲੇ।
ਘੁੰਮਣ ਕਾਰਨ ਦਿਨ ਤੇ ਰਾਤ, ਵਾਰੋ-ਵਾਰੀ ਮਾਰਨ ਝਾਤ।

ਜਾਂ

ਜੇ ਕਿਧਰੇ ਹਾਰਾਂ ਲੋਕ ਤੋੜਨ, ਮਨ ਹੋ ਜਾਏ ਨਿਰਾਸ।
ਜ਼ਿੰਦਗੀ ਜਾਣੀਂ ਘੋਲ਼ ਲੰਮੇਰਾ, ਜਿੱਤ ਵਿੱਚ ਰੱਖ ਵਿਸ਼ਵਾਸ।

ਪ੍ਰਸ਼ਨ 8. ਹੇਠਾਂ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਪੰਜ ਦੇ ਉੱਤਰ ਲਿਖੋ : 2x5=10

1. ਬਾਬਾ ਫ਼ਰੀਦ ਜੀ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ? ਉਹਨਾਂ ਦੇ ਮਾਤਾ-ਪਿਤਾ ਦਾ ਨਾਂ ਕੀ ਸੀ।
2. ਲਤਾ ਕਿੱਥੇ ਗਈ ਸੀ ਅਤੇ ਕਿਉਂ?
3. ਲੇਖਕ ਨੇ 'ਰੱਬ ਦੀ ਪੌੜੀ' ਕਿਸ ਨੂੰ ਕਿਹਾ ਹੈ ਅਤੇ ਇਹ ਕਿੱਥੇ ਸਥਿਤ ਹੈ?
4. ਸਾਇੰਸ-ਸਿਟੀ ਕਿੱਥੇ ਸਥਿਤ ਹੈ। ਇਸ ਦਾ ਕੁੱਲ ਖੇਤਰਫਲ ਕਿੰਨਾ ਹੈ?
5. ਮਣ੍ਹਾ ਕਿਸ ਨੂੰ ਕਹਿੰਦੇ ਹਨ?
6, ਬੱਚਿਆਂ ਨੂੰ ਕਿਹੜੀ ਗੱਲ ਭੈ-ਸਾਗਰ ਲੱਗਦੀ ਸੀ ਅਤੇ ਕਿਉਂ?
7. ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਕਿਸ ਤੋਂ ਅਤੇ ਕਦੋਂ ਰਖਵਾਈ ਗਈ?

ਪ੍ਰਸ਼ਨ 9. ਹੇਠਾਂ ਲਿਖੇ ਮੁਹਾਵਰਿਆਂ/ਸ਼ਬਦਾਂ ਵਿੱਚੋਂ ਕਿਸੇ ਪੰਜ ਨੂੰ ਵਾਕਾਂ ਵਿੱਚ ਵਰਤੋ: 2x5=10

ਦਿਨ ਫਿਰਨੇ, ਯੱਕੜ ਮਾਹਨੇ, ਵੇਲ਼ੇ ਨੂੰ ਰੋਣਾ, ਧੱਕਾ ਕਰਨਾ, ਰਹੱਸਮਈ, ਅਦਬ, ਅਣਮੁੱਲੀ, ਅਗਾਂਹਵਧੂ।

ਪ੍ਰਸ਼ਨ 10. ਹਰ ਚਮਕਣ ਵਾਲੀ ਚੀਜ਼ ਸੋਨਾ ਨਹੀਂ ਹੁੰਦੀ। ਇਸ ਵਾਕ ਵਿੱਚੋਂ ਨਾਂਵ ਸ਼ਬਦ ਚੁਣੋ। 02

ਪ੍ਰਸ਼ਨ 11. ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਉੱਤੇ ਲੇਖ ਲਿਖੋ : 10

ਸ੍ਰੀ ਗੁਰੂ ਨਾਨਕ ਦੇਵ ਜੀ, ਦਾਜ ਦੀ ਸਮੱਸਿਆ, ਲੋਹੜੀ, ਅੱਖੀਂ ਡਿੱਠਾ ਮੇਲਾ, ਅਖ਼ਬਾਰਾਂ ਦੇ ਲਾਭ-ਹਾਨੀਆਂ

ਪ੍ਰਸ਼ਨ 12. ਵਿੱਦਿਅਕ ਟੂਰ/ਸੈਰ-ਸਪਾਟੇ 'ਤੇ ਜਾਣ ਦੀ ਆਗਿਆ ਲੈਣ ਲਈ ਸਕੂਲ ਮੁਖੀ ਨੂੰ ਬਿਨੈ-ਪੱਤਰ ਲਿਖੋ। 07

ਜਾਂ

ਆਪਣੇ ਪਿੰਡ ਦੇ ਸਰਪੰਚ ਨੂੰ ਮੁਹੱਲੇ ਦੇ ਪ੍ਰਬੰਧ ਨੂੰ ਸੁਧਾਰਨ ਲਈ ਬਿਨੈ-ਪੱਤਰ ਲਿਖੋ।

ਪ੍ਰਸ਼ਨ 13. ਹੇਠ ਦਿੱਤੇ ਡੱਬਿਆਂ ਵਿੱਚੋਂ ਕੋਈ 8 ਸਾਰਥਕ ਸ਼ਬਦ ਚੁਣ ਕੇ ਲਿਖੋ : 04

| | | | | | | | | |
|---|---|---|---|---|---|---|---|---|
| ਅ | ਕ | ਜ | ਹਾ | ਨ | ਰ | ਦ | ਬ | ਹਾ |
| ਕੇ | ਸ | ਰੀ | ਜ | ਝ | ਬ | ਰ | ੳ | ਬੀ |
| ਲਾ | ਰ | ਧ | ਵਾ | ਧ | ਸੰ | ਜ਼ੀ | ਪੰ | ਛੀ |
| ਭੌ | ਤ | ਅ | ਵ | ਰਾ | ਤ | ਚ | ਨ | ਛ |
| ਰੇ | ਕਾ | ਕ | ਗ | ਮ | ਲਾ | ਬਾ | ਗ਼ | ਮ |
| ਪੀ | ਲ਼ਾ | ਹ | ਲ਼ | ਕੱ | ਜ | ਲ | ਢ | ਣ |
| ਨੈ | ਤਿ | ਕ | ਤ੍ਰਿ | ਕ | ਤਾ | ਰ | ਮਾ | ਖੰ |

ਪ੍ਰਸ਼ਨ 14. ਪੜਨਾਂਵ ਜਾਂ ਵਿਸ਼ੇਸ਼ਣ ਵਿੱਚੋਂ ਕਿਸੇ ਇੱਕ ਦੀ ਪਰਿਭਾਸ਼ਾ ਲਿਖੋ। 03